**Kirklees Safeguarding Children Board**

# ਕਰਕਲੀਜ਼ ਵਿਖੇ
# ਬੱਚਿਆਂ ਨਾਲ ਬਦਸਲੂਕੀ ਬਾਰੇ
# ਰਿਪੋਰਟ ਕਰਨਾ

ਹਰ ਇਕ ਵਾਸਤੇ ਸੰਖੇਪ ਜਾਣਕਾਰੀ

# ਇਹ ਲੀਫ਼ਲੈਟ ਤੁਹਾਨੂੰ ਬੱਚਿਆਂ ਨਾਲ ਬਦਸਲੂਕੀ ਬਾਰੇ ਵਧੇਰੇ ਜਾਣਕਾਰੀ ਦਿੰਦਾ ਹੈ ਅਤੇ ਦੱਸਦਾ ਹੈ ਕਿ ਜੇਕਰ ਤੁਹਾਨੂੰ ਯਕੀਨ ਹੈ ਕਿ ਕੋਈ ਬੱਚਾ ਖਤਰੇ ਵਿਚ ਹੈ ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ

## ਬੱਚਿਆਂ ਦੀ ਰੱਖਿਆ ਕਰਨੀ

- ਬੱਚਿਆਂ ਅਤੇ ਨੌਜਵਾਨਾਂ ਦਾ ਇਹ ਬੁਨਿਆਦੀ ਹੱਕ ਹੈ ਕਿ ਉਨ੍ਹਾਂ ਦੀ ਨੁਕਸਾਨ ਹੋਣ ਤੋਂ ਰੱਖਿਆ ਕੀਤੀ ਜਾਵੇ

- ਬੱਚਿਆਂ ਦੀ ਰੱਖਿਆ ਅਤੇ ਭਲਾਈ ਕਰਨੀ ਮਾਪਿਆਂ, ਰਿਸ਼ਤੇਦਾਰਾਂ, ਗੁਆਂਢੀਆਂ ਅਤੇ ਪੇਸ਼ਾਵਰਾਂ ਸਮੇਤ ਹਰ ਇਕ ਦੀ ਜ਼ਿੰਮੇਵਾਰੀ ਹੈ

## ਬੱਚਿਆਂ ਨਾਲ ਬਦਸਲੂਕੀ ਤੋਂ ਕੀ ਭਾਵ ਹੈ?

- ਇਕ ਵਿਅਕਤੀ ਬੱਚੇ ਨੂੰ ਨੁਕਸਾਨ ਪਹੁੰਚਾ ਕੇ, ਜਾਂ ਨੁਕਸਾਨ ਹੋਣ ਤੋਂ ਰੱਖਿਆ ਨਾ ਕਰਕੇ ਬੱਚੇ ਨਾਲ ਬਦਸਲੂਕੀ ਜਾਂ ਅਣਗਹਿਲੀ ਕਰ ਸਕਦਾ ਹੈ

- ਬੱਚਿਆਂ ਨਾਲ ਪਰਿਵਾਰ, ਕਿਸੇ ਸੰਸਥਾ ਜਾਂ ਸਮਾਜਿਕ ਅਦਾਰੇ ਵਿਚ, ਉਨ੍ਹਾਂ ਲੋਕਾਂ ਵਲੋਂ ਬਦਸਲੂਕੀ ਕੀਤੀ ਜਾ ਸਕਦੀ ਹੈ, ਜਿਨ੍ਹਾਂ ਨੂੰ ਉਹ ਜਾਣਦੇ ਹਨ ਅਤੇ ਜਿਨ੍ਹਾਂ ਉੱਪਰ ਉਹ ਯਕੀਨ ਕਰਦੇ ਹਨ ਜਾਂ, ਕਦੇ ਕਦੇ ਕਿਸੇ ਓਪਰੇ ਵਿਅਕਤੀ ਵਲੋਂ ਵੀ ਬਦਸਲੂਕੀ ਹੋ ਸਕਦੀ ਹੈ।

- ਉਨ੍ਹਾਂ ਨਾਲ ਕੋਈ ਬਾਲਗ ਵਿਅਕਤੀ ਜਾਂ ਹੋਰ ਬੱਚੇ ਬਦਸਲੂਕੀ ਕਰ ਸਕਦੇ ਹਨ।

**ਬਦਸਲੂਕੀ ਕਾਰਨ ਬੱਚੇ ਦੀ ਸਿਹਤ, ਵਾਧੇ ਅਤੇ ਭਲਾਈ ਦੇ ਸਾਰੇ ਪੱਖਾਂ ਉੱਪਰ ਬਹੁਤ ਦੇਰ ਤੱਕ ਰਹਿਣ ਵਾਲੇ ਅਸਰ ਪੈ ਸਕਦੇ ਹਨ।**

**ਬੱਚੇ ਨਾਲ ਬਦਸਲੂਕੀ ਦੀਆਂ ਮੁੱਖ ਕਿਸਮਾਂ ਇਹ ਹਨ:**

## ਸਰੀਰਕ ਬਦਸਲੂਕੀ

ਬੱਚੇ ਨੂੰ ਕੁੱਟਣਾ, ਝੰਜੋੜਨਾ, ਸੁੱਟਣਾ, ਜ਼ਹਿਰ ਦੇਣਾ, ਸਾੜਨਾ ਜਾਂ ਝੁਲਸਾ ਦੇਣਾ, ਡੋਬਣਾ, ਸਾਹ ਬੰਦ ਕਰਨਾ ਜਾਂ ਬੱਚੇ ਨੂੰ ਕੋਈ ਹੋਰ ਸਰੀਰਕ ਨੁਕਸਾਨ ਦੇਣਾ। ਘਰੇਲੂ ਹਿੰਸਾ ਕਾਰਨ ਗਰਭ ਵਿਚ ਜਨਮ ਲੈਣ ਵਾਲੇ ਬੱਚੇ ਨੂੰ ਨੁਕਸਾਨ ਹੋ ਸਕਦਾ ਹੈ।

## ਜਜ਼ਬਾਤੀ ਬਦਸਲੂਕੀ

ਕਿਸੇ ਬੱਚੇ ਨੂੰ ਲਗਾਤਾਰ ਜਜ਼ਬਾਤੀ ਠੇਸ ਪਹੁੰਚਾਣਾ ਜਾਂ ਉਸ ਪ੍ਰਤੀ ਲਾਪਰਵਾਹੀ ਕਰਨਾ ਜਿਸ ਨਾਲ ਉਸਦੇ ਜਜ਼ਬਾਤੀ ਵਿਕਾਸ ਦਾ ਨੁਕਸਾਨ ਹੋਵੇ। ਇਸ ਵਿਚ ਬੱਚਿਆਂ ਨੂੰ ਇਹ ਦੱਸਣਾ ਕਿ ਉਹ ਨਿਕੰਮੇ, ਪਿਆਰ ਦੇ ਅਯੋਗ ਜਾਂ ਗੈਰਵਾਜਬ ਹਨ। ਇਸ ਵਿਚ ਬੱਚਿਆਂ ਨੂੰ ਡਰਾਉਣਾ, ਜਾਂ ਉਨ੍ਹਾਂ ਦਾ ਸ਼ੋਸ਼ਣ ਕਰਨਾ ਅਤੇ ਨੁਕਸਾਨ ਪਹੁੰਚਾਣਾ ਸ਼ਾਮਲ ਹੋ ਸਕਦੇ ਹਨ।

## ਲਿੰਗਕ ਬਦਸਲੂਕੀ

ਬੱਚੇ ਜਾਂ ਨੌਜਵਾਨ ਨੂੰ ਲਿੰਗਕ ਗਤੀਵਿਧੀਆਂ ਵਿਚ ਭਾਗ ਲੈਣ ਲਈ ਮਜਬੂਰ ਕਰਨਾ ਜਾਂ ਬਹਿਕਾਉਣਾ। ਇਸ ਵਿਚ ਬੱਚਿਆਂ ਨੂੰ ਅਸ਼ਲੀਲ ਸਾਹਿਤ ਦੇਖਣ ਜਾਂ ਬਣਾਉਣ ਵਿਚ, ਜਾਂ ਲਿੰਗਕ ਗਤੀਵਿਧੀਆਂ ਦੇਖਣ ਵਿਚ ਸ਼ਾਮਲ ਕਰਨਾ ਜਾਂ ਉਨ੍ਹਾਂ ਨੂੰ ਅਸ਼ਲੀਲ ਤਰੀਕਿਆਂ ਨਾਲ ਵਰਤਾਉ ਕਰਨ ਲਈ ਉਤਸ਼ਾਹਿਤ ਕਰਨਾ ਸ਼ਾਮਲ ਹੈ।

## ਲਾਪਰਵਾਹੀ

ਬੱਚੇ ਦੀਆਂ ਬੁਨਿਆਦੀ ਲੋੜਾਂ ਨੂੰ ਲਗਾਤਾਰ ਪੂਰਾ ਨਾ ਕਰਨਾ। ਇਸ ਵਿਚ ਬੱਚੇ ਨੂੰ ਸਹੀ ਖੁਰਾਕ, ਰਿਹਾਇਸ਼ ਜਾਂ ਕੱਪੜੇ ਨਾ ਦੇਣਾ, ਸਰੀਰਕ ਨੁਕਸਾਨ ਜਾਂ ਖਤਰੇ ਤੋਂ ਨਾ ਬਚਾਉਣਾ ਜਾਂ ਉਸਦਾ ਇਲਾਜ ਨਾ ਕਰਵਾਉਣਾ ਸ਼ਾਮਲ ਹੋ ਸਕਦੇ ਹਨ। ਇਸ ਵਿਚ ਬੱਚੇ ਦੀਆਂ ਬੁਨਿਆਦੀ ਜਜ਼ਬਾਤੀ ਲੋੜਾਂ ਪੂਰੀਆਂ ਨਾ ਕਰਨਾ ਵੀ ਸ਼ਾਮਲ ਹੋ ਸਕਦਾ ਹੈ। ਗਰਭ ਦੌਰਾਨ ਸ਼ਰਾਬ ਜਾਂ ਨਸ਼ਿਆਂ ਦੀ ਵਰਤੋਂ ਕਰਨਾ ਵੀ ਲਾਪਰਵਾਹੀ ਵਿਚ ਸ਼ਾਮਲ ਹੈ।

**ਬੱਚਿਆਂ ਨਾਲ ਇਨ੍ਹਾਂ ਵਿਚੋਂ ਇਕ ਤੋਂ ਵੱਧ ਤਰੀਕਿਆਂ ਨਾਲ ਬਦਸਲੂਕੀ ਹੋ ਸਕਦੀ ਹੈ।**
**ਜੇਕਰ ਤੁਹਾਨੂੰ ਬੱਚੇ ਨਾਲ ਬਦਸਲੂਕੀ ਦਾ ਸ਼ੱਕ ਪਵੇ, ਤੁਹਾਨੂੰ ਇਸਦੀ ਰਿਪੋਰਟ ਕਰਨੀ ਚਾਹੀਦੀ ਹੈ।**

# ਬੱਚਿਆਂ ਨੂੰ ਸੁਰੱਖਿਅਤ ਰੱਖਣਾ ਹਰ ਇਕ ਦੀ ਜ਼ਿੰਮੇਵਾਰੀ ਹੈ

ਜੇਕਰ ਤੁਸੀਂ ਕੁਝ ਅਜਿਹਾ ਦੇਖਦੇ ਜਾਂ ਸੁਣਦੇ ਹੋ ਜਿਸਤੋਂ ਤੁਹਾਨੂੰ ਇਹ ਲੱਗੇ ਕਿ ਕਿਸੇ ਬੱਚੇ ਨਾਲ ਬਦਸਲੂਕੀ ਹੋ ਰਹੀ ਹੈ ਤਾਂ ਕ੍ਰਿਪਾ ਕਰਕੇ ਟੈਲੀਫੋਨ ਕਰਕੇ ਦੱਸੋ:

ਚਿਲਡਰਨਜ਼ ਸੋਸ਼ਲ ਕੇਅਰ
ਡਿਊਟੀ ਐਂਡ ਅਸੈੱਸਮੈਂਟ ਸਰਵਿਸ
01924 326097, 01924 326076 ਜਾਂ 01924 431429

ਜੇਕਰ ਦਫ਼ਤਰ ਬੰਦ ਹੋਵੇ 01484 414933
ਵੈੱਬਸਾਈਟ www.kirkleessafeguardingchildren.com

## ਤੁਹਾਡੇ ਟੈਲੀਫੋਨ ਕਰਨ ਤੋਂ ਬਾਅਦ, ਅੱਗੇ ਕੀ ਹੋਵੇਗਾ?

ਅਸੀਂ ਜਲਦੀ ਇਸਦੀ ਪੜਤਾਲ ਸ਼ੁਰੂ ਕਰ ਦੇਵਾਂਗੇ ਅਤੇ ਇਹ ਯਕੀਨੀ ਬਣਾਵਾਂਗੇ ਕਿ ਤੁਹਾਡੀਆਂ ਚਿੰਤਾਵਾਂ ਨਾਲ ਜਲਦੀ ਨਜਿੱਠਿਆ ਜਾਂਦਾ ਹੈ। ਜੇਕਰ ਸਾਡੀ ਪੜਤਾਲ ਤੋਂ ਪਤਾ ਲੱਗੇ ਕਿ ਬੱਚੇ ਨਾਲ ਬਦਸਲੂਕੀ ਹੋ ਰਹੀ ਹੈ, ਤਾਂ ਅਸੀਂ ਪਰਿਵਾਰ ਅਤੇ ਬੱਚਿਆਂ ਦੀ ਸੰਭਾਲ ਕਰਨ ਵਾਲੀਆਂ ਹੋਰ ਏਜੰਸੀਆਂ ਨਾਲ ਮਿਲ ਕੇ ਇਹ ਯਕੀਨੀ ਬਣਾਵਾਂਗੇ ਕਿ ਬੱਚੇ ਦੀ ਹੋ ਸਕਣ ਵਾਲੇ ਨੁਕਸਾਨ ਤੋਂ ਰੱਖਿਆ ਕੀਤੀ ਜਾਵੇ।

ਜੇਕਰ ਤੁਸੀਂ ਕਿਸੇ ਅਜਿਹੇ ਮਸਲੇ ਨੂੰ ਦੱਸਣ ਜਾਂ ਰਿਪੋਰਟ ਕਰਨ ਬਾਰੇ ਦੁਬਿਧਾ ਵਿਚ ਹੋ

ਇਹ ਨਾ ਸੋਚੋ **ਜੇ ਮੈਂ ਗਲਤ ਹੋਵਾਂ ਤਾਂ ਕੀ ਹੋਵੇਗਾ** –
ਇਹ ਸੋਚੋ **ਜੇ ਮੈਂ ਠੀਕ ਹੋਵਾਂ ਤਾਂ ਕੀ ਹੋਵੇਗਾ**

ਇਹ ਲੀਫ਼ਲੈੱਟ ਅੰਗਰੇਜ਼ੀ ਅਤੇ ਹੋਰ ਬੋਲੀਆਂ, ਆਡੀਓ ਸੀ ਡੀ, ਵੱਡੇ ਆਕਾਰ ਦੇ ਅੱਖਰਾਂ ਵਿਚ ਅਤੇ ਬ੍ਰੇਲ ਵਿਚ ਵੀ ਮਿਲ ਸਕਦਾ ਹੈ। ਕ੍ਰਿਪਾ ਕਰਕੇ ਟੈਲੀਫੋਨ ਕਰੋ 01484 225161

Printed on recycled paper. Issued Aug 2010